ਅਣਡਿੱਠ ਨੂੰ ਵੇਖਣਾ

LOOKING TO THE UNSEEN

"ਇਸ ਕਾਰਨ ਅਸੀਂ ਹੌਂਸਲਾ ਨਹੀਂ ਹਾਰਦੇ ਸਗੋਂ ਭਾਵੇਂ ਸਾਡੀ ਬਾਹਰਲੀ ਇਨਸਾਨੀਅਤ ਨਾਸ ਹੁੰਦੀ ਜਾਂਦੀ ਹੈ ਪਰ ਅੰਦਰਲੀ ਇਨਸਾਨੀਅਤ ਦਿਨੋ ਦਿਨ ਨਵੀਂ ਹੁੰਦੀ ਜਾਂਦੀ ਹੈ। ਕਿਉਂ ਜੋ ਸਾਡਾ ਹੌਲਾ ਜਿਹਾ ਕਸ਼ਟ ਜਿਹੜਾ ਛਿੰਨ ਭਰ ਦਾ ਹੀ ਹੈ ਭਾਰੀ ਸਗੋਂ ਅੱਤ ਭਾਰੀ ਅਤੇ ਸਦੀਪਕ ਵਡਿਆਈ ਨੂੰ ਸਾਡੇ ਲਈ ਤਿਆਰ ਕਰਦਾ ਹੈ। ਅਸੀਂ ਦਿੱਸਣ ਵਾਲੀਆਂ ਵਸਤਾਂ ਨੂੰ ਤਾਂ ਨਹੀਂ ਸਗੋਂ ਅਣਡਿੱਠ ਵਸਤਾਂ ਵੱਲ ਧਿਆਨ ਕਰਦੇ ਹਾਂ ਕਿਉਂ ਜੋ ਦਿੱਸਣ ਵਾਲੀਆਂ ਵਸਤਾਂ ਤਾਂ ਅਨਿੱਤ ਹਨ ਪਰ ਅਣਡਿੱਠ ਵਸਤਾਂ ਨਿੱਤ ਹਨ" (2 ਕੁਰਿੰਥੀਆਂ 4:16–18)।

ਅੱਜ ਰਾਤ ਇੱਥੇ ਲੋਕ ਬੈਠੇ ਹਨ ਜੋ ਇੱਕ ਜਾਂ ਦੋ ਰਾਤਾਂ ਪਹਿਲਾਂ ਵੀਲ ਚੇਅਰ ਤੇ ਸਨ। ਉਹ ਹੁਣ ਉੱਠ ਕੇ ਆਲੇ ਦੁਆਲੇ ਘੁੰਮ ਰਹੇ ਹਨ। **ਇਹ ਨਿਰਭਰ ਕਰਦਾ ਹੈ ਕਿ ਤੁਸੀਂ ਕੀ ਵੇਖ ਰਹੇ ਹੋ। ਜੇਕਰ ਤੁਸੀਂ ਆਪਣੀ ਬਿਪਤਾ ਵੱਲ ਵੇਖਦੇ ਹੋ ਤਾਂ ਤੁਸੀਂ ਕਦੇ ਅੱਗੇ ਨਹੀਂ ਵਧੋਗੇ। ਪਰ ਜੇ ਤੁਸੀਂ ਪ੍ਰਮੇਸ਼ੁਰ ਦੇ ਵਾਅਦੇ ਨੂੰ ਵੇਖਦੇ ਹੋ, ਤਾਂ ਤੁਹਾਨੂੰ ਹਰ ਉਸ ਛੁਟਕਾਰੇ ਦੀ ਬਰਕਤ ਦਾ ਅਧਿਕਾਰ ਮਿਲ ਜਾਵੇਗਾ ਜਿਸ ਦਾ ਪ੍ਰਮੇਸ਼ੁਰ ਨੇ ਆਪਣੇ ਵਚਨ ਵਿੱਚ ਵਾਅਦਾ ਕੀਤਾ ਹੈ, ਕਿ ਤੁਹਾਡੀ ਹੈ।** ਠੀਕ ਹੈ। **ਮਸੀਹੀ ਹਮੇਸ਼ਾ ਅਣਡਿੱਠ ਵਸਤਾਂ ਵੱਲ ਵੇਖਦੇ ਹਨ।** [1] ਹੁਣ, ਇੱਕੋ ਇੱਕ ਰਾਹ ਜਿਹਦੇ ਰਾਹੀਂ **ਤੁਸੀਂ ਪ੍ਰਮੇਸ਼ੁਰ ਤੋਂ ਕੁਝ ਪ੍ਰਾਪਤ ਕਰ ਸਕਦੇ ਹੋ, ਉਹ ਹੈ ਨਿਹਚਾ ਰਾਹੀਂ।** ਤੁਸੀਂ ਸਾਰੇ ਇਹ ਸਮਝਦੇ ਹੋ? ਅਤੇ **ਅਸੀਂ ਮਸੀਹੀ ਹੋਣ ਦੇ ਨਾਤੇ, ਅਸੀਂ ਉਸ ਵੱਲ ਨਹੀਂ ਵੇਖਦੇ ਜੋ ਸਾਨੂੰ ਵਿਖਾਈ ਦਿੰਦਾ ਹੈ; ਅਸੀਂ ਉਹ ਵੇਖਦੇ ਹਾਂ ਜਿਸਦਾ ਅਸੀਂ ਵਿਸ਼ਵਾਸ ਕਰਦੇ ਹਾਂ** (2 ਕੁਰਿੰਥੀਆਂ 5:7)। ਦੇਖਿਆ ਮੇਰਾ ਕੀ ਮਤਲਬ ਹੈ? ਅਸੀਂ ਕਿਸੇ ਸੁਭਾਵਿਕ ਸਬੂਤ ਹੋਣ ਤੋਂ ਪਹਿਲਾਂ ਹੀ ਇਸ ਦਾ ਵਿਸ਼ਵਾਸ ਕਰਦੇ ਹਾਂ। [2]

ਪ੍ਰਮੇਸ਼ੁਰ ਦੀ ਹਰ ਛੁਟਕਾਰੇ ਦੀ ਬਰਕਤ ਅਣਡਿੱਠ ਹੈ। ਮਸੀਹੀ ਦੇ ਸਾਰੇ ਸ਼ਸਤਰ ਇਹ ਹਨ: ਪ੍ਰੇਮ, ਅਨੰਦ, ਵਫਾਦਾਰੀ, ਧੀਰਜ, ਭਲਿਆਈ, ਨਰਮਾਈ, ਦਿਆਲਗੀ, ਸਬਰ। **ਇਹ ਸਭ ਅਣਦੇਖੀਆਂ ਤਾਕਤਾਂ ਹਨ ਜੋ ਵਿਸ਼ਵਾਸੀ ਦੇ ਹਿਰਦੇ ਵਿੱਚ ਕੰਮ ਕਰਦੀਆਂ ਹਨ** (ਗਲਾਤੀਆਂ 5:22)। ਆਮੀਨ। ਇਹ ਠੀਕ ਹੈ। ਅਸੀਂ ਉਹ ਵਸਤਾਂ ਵੇਖਦੇ ਹਾਂ ਜੋ ਸਾਨੂੰ ਵਿਖਾਈ ਨਹੀਂ ਦਿੰਦੀਆਂ। ਜੇ ਅਸੀਂ ਅਬਰਾਹਾਮ ਦੀ ਸੰਤਾਨ ਹਾਂ, **ਤਾਂ ਅਸੀਂ ਵੇਖਣ ਨਾਲ ਨਹੀਂ; ਅਸੀਂ ਨਿਹਚਾ ਨਾਲ ਚੱਲਦੇ ਹਾਂ।** ਕਿਉਂ ਜੋ ਅਬਰਾਹਾਮ ਨਿਹਚਾ ਨਾਲ ਚੱਲਿਆ ਅਤੇ ਉਹਨਾਂ ਅਣਹੋਈਆਂ ਵਸਤਾਂ ਨੂੰ ਇਉਂ ਸੱਦਦਾ ਹੈ ਭਈ ਜਾਣੋ ਉਹ ਸਨਮੁੱਖ ਹਨ, ਕਿਉਂਕਿ ਪ੍ਰਮੇਸ਼ੁਰ ਨੇ ਇਸ ਤਰ੍ਹਾਂ ਕਿਹਾ ਹੈ (ਰੋਮੀਆਂ 4:16–22)। [1]

ਜਦ ਕੋਈ ਆਦਮੀ ਅਣਡਿਠ ਪ੍ਰਮੇਸ਼ੁਰ ਦੇ ਉਸ ਦਰਸ਼ਣ ਨੂੰ ਇੱਕ ਵਾਰ ਫੜ੍ਹ ਲੈਂਦਾ ਹੈ ਅਤੇ ਜਾਣ ਲੈਂਦਾ ਹੈ ਕਿ ਉਹ ਹਰ ਵੇਲੇ ਮੌਜੂਦ ਹੈ (ਮੱਤੀ 28:20), ਕੁਝ ਹੈ ਜੋ ਉਸ ਆਦਮੀ ਦੀ ਸੋਚ ਨੂੰ ਸਥਿਰ ਕਰ ਦਿੰਦਾ ਹੈ; ਇਹ ਉਸ ਦੇ ਕੰਮ ਨੂੰ ਸਥਿਰ ਕਰ ਦਿੰਦਾ ਹੈ; ਬਿਪਤਾ ਅਤੇ ਮੁਸੀਬਤ ਦੇ ਵੇਲੇ ਵੀ ਇਹ ਉਸ ਆਦਮੀ ਨੂੰ ਅਜਿਹਾ ਬਣਾਵੇਗਾ ਕਿ ਉਹ ਫਿਰ ਵੀ ਉਹਨਾਂ ਸੱਭ ਚੀਜ਼ਾਂ ਤੋਂ ਜੋ ਉਸ ਦੇ ਆਲੇ ਦੁਆਲੇ ਵਾਪਰ ਰਹੀਆਂ ਹਨ, ਉੱਪਰ ਵੇਖੇ; **ਕਿਉਂਕਿ ਉਹ ਅਣਡਿੱਠ ਨੂੰ ਵੇਖ ਰਿਹਾ ਹੈ, ਵਾਅਦੇ ਰਾਹੀਂ।** [3]

ਹੁਣ ਅੱਜ ਕਲਪਨਾ ਕਰੋ ਕਿ ਉਸ ਦੀ ਹਜ਼ੂਰੀ ਅੱਜ ਇੱਥੇ ਹੈ। **ਪ੍ਰਭੂ ਯਿਸੂ ਕਿਸੇ ਹੋਰ ਦੁਨੀਆ ਵਿੱਚ ਹੈ, ਜਾਂ ਕਿਸੇ ਹੋਰ ਖੇਤਰ ਵਿੱਚ, ਬਿਲਕੁਲ ਅੱਜ ਇੱਥੇ ਆਤਮਾ ਦੇ ਰੂਪ ਵਿੱਚ ਹੈ।** ਉਸ ਦਾ ਆਤਮਾ ਸਾਡੇ ਆਤਮਾ ਨਾਲ ਮਿਲ

ਰਿਹਾ ਹੈ। ਸਾਡੀਆਂ ਅੱਖਾਂ ਉਸ ਨੂੰ ਵੇਖ ਨਹੀਂ ਸਕਦੀਆਂ, ਕਿਉਂਕਿ ਇਹ ਅਜੇ ਤੱਕ ਸਰੀਰਕ ਹਨ, ਜਦ ਤੱਕ ਕਿ ਕੁਝ ਅਜਿਹਾ ਨਹੀਂ ਹੁੰਦਾ ਕਿ ਅਸੀਂ ਦਰਸ਼ਣ ਵੇਖ ਸਕੀਏ। **ਪਰ ਉਹ ਇੱਥੇ ਓਨਾ ਹੀ ਵਿਖਾਈ ਦੇਣ ਯੋਗ ਹੈ, ਓਨਾ ਹੀ ਵਾਸਤਵਿਕ ਹੈ, ਜਿੰਨਾ ਕਿ ਉਹ** ਉਸ ਦਿਨ ਸੀ ਜਦ ਉਹ ਕਬਰ ਤੇ ਮਰੀਅਮ ਨਾਲ ਬੋਲਿਆ ਸੀ, ਜਾਂ ਜਦ ਉਹ ਇੰਮਊਸ ਦੇ ਰਾਹ ਤੇ ਕਲਿਉਪਸ ਨੂੰ ਮਿਲਿਆ ਸੀ (ਲੂਕਾ 24:13–35)। **ਉਸ ਦੀ ਹਜ਼ੂਰੀ ਇੱਥੇ ਹੈ। ਇਸ ਨੂੰ ਉਸ ਨਾਲ ਮਹਿਸੂਸ ਕੀਤਾ ਜਾ ਸਕਦਾ ਹੈ, ਉਸ ਅੰਦਰੂਨੀ ਅਦੇਸ਼ ਦੇ ਨਾਲ ਮਹਿਸੂਸ ਕੀਤਾ ਜਾ ਸਕਦਾ ਹੈ ਜੋ ਮਨੁੱਖੀ ਸਰੀਰ ਦੇ ਅੰਦਰ ਹੈ, ਜੋ ਨਵਾਂ ਜਨਮ ਅਖਵਾਉਂਦਾ ਹੈ। ਪ੍ਰਾਣ ਉਸ ਵੱਲ ਖਿੱਚਿਆ (MAGNETIZED) ਗਿਆ ਹੈ।**

ਅਤੇ ਕਦੇ ਕਦਾਈਂ, ਜਦੋਂ ਤੁਸੀਂ ਆਪਣੇ ਮਨ ਨੂੰ ਉਸ ਉੱਤੇ ਕੇਂਦਰਤ ਹੋਣ ਦਿੰਦੇ ਹੋ, ਉਸਤੇ ਵਿਸ਼ਵਾਸ ਕਰਦੇ ਹੋਏ, ਕੁਝ ਸਮੇਂ ਬਾਅਦ, ਇੱਕ ਵਾਸਤਵਿਕਤਾ, **ਤੁਸੀਂ ਆਪਣੇ ਵਜੂਦ ਤੇ ਕਿਸੇ ਚੀਜ਼ ਦਾ ਹੁੰਝਾ ਫਿਰਦਾ ਮਹਿਸੂਸ ਕਰ ਸਕਦੇ ਹੋ।** ਇਹ ਉਸ ਦੇ ਜੀ ਉੱਠਨ ਦਾ ਪ੍ਰਮਾਣ ਹੈ। ਇਹ ਇਸ ਤਰ੍ਹਾਂ ਨਹੀਂ ਹੈ ਕਿ, "ਅੰਦਾਜਾ ਹੈ"। ਇਹ "ਮੈਂ ਇਸ ਤਰ੍ਹਾਂ ਉਮੀਦ ਕਰਦਾ ਹਾਂ" ਨਹੀਂ ਹੈ। ਪਰ ਹਰ ਉਸ ਵਿਅਕਤੀ ਲਈ ਜੋ ਦੁਬਾਰਾ ਜਨਮ ਪਾਇਆ ਹੈ, ਇਹ ਹੈ ਕਿ "ਇਹ ਇੱਕ ਅਜਿਹਾ ਪਤਾ ਹੈ।" ਤੁਸੀਂ ਇਸਨੂੰ ਜਾਣਦੇ ਹੋ। ਇਹ ਠੀਕ ਉੱਥੇ ਹੈ। ਅਤੇ ਜਦ ਤੁਸੀਂ ਉਸ ਨਾਲ ਸੰਪਰਕ ਵਿੱਚ ਆਉਂਦੇ ਹੋ...

ਮੈਂ ਵੇਖਿਆ ਹੈ ਸੰਤ ਕਹਿੰਦੇ ਹਨ,"ਔਹ ਕੀ ਤੁਸੀਂ... ਪ੍ਰਭੂ ਦੀ ਹਜ਼ੂਰੀ ਨੇੜੇ ਹੈ।" ਤੁਸੀਂ ਕਹਿੰਦੇ ਹੋ, "ਕਿਉਂ ਉੱਥੇ ਕੁਝ ਹੈ..." ਕਿਉਂ, ਯਕੀਨੀ ਤੌਰ ਤੇ। ਉਹ ਠੀਕ ਉੱਥੇ ਹੈ, ਠੀਕ ਉੱਪਰ... ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ ਅਤੇ ਉਹ ਠੀਕ ਤੁਹਾਡੇ ਕੋਲ ਖੜ੍ਹਾ ਹੈ। [4]

ਹੁਣ, ਕਿਵੇਂ ਅਬਰਾਹਾਮ, ਉਸ ਨੇ ਸਿਰਫ ਅਣਡਿੱਠ ਨੂੰ ਹੀ ਨਹੀਂ ਵੇਖਿਆ... ਅਤੇ ਉਸ ਦੇ ਵਿਸ਼ਵਾਸ ਕਰਨ ਦੀ ਵਜ੍ਹਾ ਇਹ ਸੀ, ਕਿਉਂਕਿ ਪ੍ਰਮੇਸ਼ੁਰ ਨੇ ਇਹ ਕਿਹਾ ਸੀ। ਅਤੇ **ਜੇ ਅਸੀਂ ਮਸੀਹ ਵਿੱਚ ਮਰ ਰਹੇ ਹਾਂ, ਅਸੀਂ ਅਬਰਾਹਾਮ ਦੀ ਸੰਤਾਨ ਹਾਂ** (ਗਲਾਤੀਆਂ 3:29), **ਅਤੇ ਜੇ ਉਹ ਆਤਮਾ ਸਾਡੇ ਵਿੱਚ ਨਿਵਾਸ ਕਰਦਾ ਹੈ ਜੋ ਮਸੀਹ ਵਿੱਚ ਸੀ, ਫਿਰ ਉਹ ਉਹੋ ਹੀ ਕੰਮ ਕਰਦਾ ਹੈ।** ਇਹ ਪ੍ਰਮੇਸ਼ੁਰ ਦੇ ਹਰ ਰੱਬੀ ਵਾਅਦੇ ਨੂੰ ਲੈਂਦਾ ਹੈ ਜੋ ਉਸ ਦੀ ਬਾਈਬਲ ਵਿੱਚ ਹੈ ਅਤੇ **ਉਸ ਨੂੰ ਵਰਤਮਾਨ ਕਾਲ ਆਖਦਾ ਹੈ,** ਅਤੇ ਆਪਣੇ ਆਪ ਨੂੰ ਉੱਥੇ ਕਾਇਮ ਕਰ ਲੈਂਦਾ ਹੈ।

ਇਹ ਅਣਡਿੱਠ ਚੀਜ਼ਾਂ ਹਨ ਜੋ ਵਾਸਤਵਿਕ ਹਨ, ਸਥਾਈ ਹਨ। ਇਹ ਵਸਤਾਂ ਅਨਿੱਤ ਅਤੇ ਨਾਸ਼ਵਾਨ ਹਨ। **ਪਰ ਤਾਂ ਵੀ ਅਸੀਂ ਸੁਭਾਵਿਕ ਚੀਜ਼ਾਂ ਤੇ ਬਹੁਤ ਜਿਆਦਾ ਜ਼ੋਰ ਦਿੰਦੇ ਹਾਂ ਤੇ ਬਹੁਤ ਚਿੰਤਾ ਕਰਦੇ ਹਾਂ, ਅਤੇ ਆਤਮਿਕ ਚੀਜ਼ਾਂ ਲਈ ਬਹੁਤ ਘੱਟ।** [5]

ਇਹ ਛੋਟੀ ਔਰਤ, ਉਹ ਯੁਨਾਨਣ ਸੀ ਅਤੇ ਸੁਰੁਫੈਨੀਕਣ ਸੀ (ਮੱਤੀ 15:21–28; ਮਰਕੁਸ 7:26)। ਅਤੇ ਉਸ ਨੇ ਯਿਸੂ ਦੀ ਪ੍ਰਸਿੱਧੀ ਬਾਰੇ ਸੁਣਿਆ ਸੀ। ਹੁਣ, **ਨਿਹਚਾ ਕਿਵੇਂ ਆਉਂਦੀ ਹੈ? ਸੁਣਨ ਦੁਆਰਾ, ਵਚਨ ਸੁਣਨ ਦੁਆਰਾ। ਉਸ ਨੇ ਯਿਸੂ ਬਾਰੇ ਸੁਣਿਆ ਸੀ।** ਅਤੇ ਤੁਸੀਂ ਜਾਣਦੇ ਹੋ, ਉਸ ਦੇ ਯੂਨਾਨੀ ਹੋਣ ਕਾਰਨ ਸ਼ਾਇਦ ਉਸ ਨੂੰ ਰੋਕਣ ਲਈ ਬਹੁਤ ਸਾਰੀਆਂ ਚੀਜ਼ਾਂ ਸਨ। **ਪਰਤੀਤ ਸੁਣਨ ਦੁਆਰਾ ਆਉਂਦੀ ਹੈ** (ਰੋਮੀਆਂ 10:17)। ਅਸੀਂ ਇਹ ਜਾਣਦੇ ਹਾਂ। ਅਤੇ ਉਸ ਨੂੰ ਰੋਕਣ ਲਈ ਉਸ ਕੋਲ ਬਹੁਤ ਸਾਰੀਆਂ ਚੀਜ਼ਾਂ ਸਨ। ਪਰ ਨਿਹਚਾ ਉਹ ਸਰੋਤ ਲੱਭ ਲੈਂਦੀ ਹੈ, ਜਿਹਦੇ ਬਾਰੇ ਹੋਰ ਕੋਈ ਨਹੀਂ ਜਾਣਦਾ ਹੈ। **ਨਿਹਚਾ ਇਹ ਸਰੋਤ ਲੱਭ ਲੈਂਦੀ ਹੈ ਕਿ ਕੋਈ ਉਸ ਨੂੰ ਸਮਝਾ ਨਹੀਂ ਸਕਦਾ। ਇਹ ਕੁਝ ਹੈ ਜੋ ਤੁਸੀਂ ਜਾਣਦੇ ਹੋ। ਬਾਕੀ ਇਸ ਨੂੰ ਨਹੀਂ ਵੇਖ ਸਕਦੇ ਪਰ ਨਿਹਚਾ ਇਸ ਨੂੰ ਵੇਖ ਸਕਦੀ ਹੈ।**

ਨਿਹਚਾ ਉਹ ਵੇਖ ਸਕਦੀ ਹੈ, ਜਿੱਥੇ ਕਿ ਸੁਭਾਵਿਕ ਅੱਖ ਇਸ ਨੂੰ ਨਹੀਂ ਵੇਖਦੀ। ਪਰ ਦਿਲ ਦੀ ਅੱਖ ਉਹ ਚੀਜ਼ਾਂ ਵੇਖਦੀ ਹੈ (ਅਫ਼ਸੀਆਂ **1:15–18**)। [6]

ਇਸ ਲਈ ਤੁਸੀਂ ਵੇਖੋ, **ਵਿਸ਼ਵਾਸ ਉਹ ਵੇਖਦਾ ਹੈ ਜੋ ਪ੍ਰਮੇਸ਼ੁਰ ਕਰਨਾ ਚਾਹੁੰਦਾ ਹੈ।** ਔਹ ਮੈਨੂੰ ਆਸ ਹੈ ਕਿ ਇਹ ਅੰਦਰ ਜਾ ਰਿਹਾ ਹੈ। **ਵਿਸ਼ਵਾਸ ਵਰਤਮਾਨ ਸਮੇਂ ਵੱਲ ਨਹੀਂ ਵੇਖਦਾ। ਵਿਸ਼ਵਾਸ ਇਸ ਨੂੰ ਇੱਥੇ ਨਹੀਂ ਵੇਖਦਾ। ਵਿਸ਼ਵਾਸ ਉਹ ਵੇਖਦਾ ਹੈ ਜੋ ਪ੍ਰਮੇਸ਼ੁਰ ਚਾਹੁੰਦਾ ਹੈ ਅਤੇ ਉਸ ਦੇ ਅਨੁਸਾਰ ਉਹ ਕੰਮ ਕਰਦਾ ਹੈ।** ਇਹ ਹੀ ਹੈ ਜੋ ਵਿਸ਼ਵਾਸ ਕਰਦਾ ਹੈ। **ਇਹ ਉਹ ਵੇਖਦਾ ਹੈ ਜੋ ਪ੍ਰਮੇਸ਼ੁਰ ਚਾਹੁੰਦਾ ਹੈ, ਅਤੇ ਜੋ ਪ੍ਰਮੇਸ਼ੁਰ ਚਾਹੁੰਦਾ ਹੈ ਕਿ ਪੂਰਾ ਹੋਵੇ ਅਤੇ ਵਿਸ਼ਵਾਸ ਇਸੇ ਦੇ ਦੁਆਰਾ ਹੀ ਕੰਮ ਕਰਦਾ ਹੈ।**

ਵਿਸ਼ਵਾਸ ਬਹੁਤ ਦੂਰ ਤੱਕ ਵੇਖਦਾ ਹੈ। ਇਹ ਆਪਣੀਆਂ ਨਜ਼ਰਾਂ ਨੂੰ ਹੇਠਾਂ ਨਹੀਂ ਕਰਦਾ। **ਇਹ ਆਪਣੇ ਨਿਸ਼ਾਨੇ ਨੂੰ ਫੜ੍ਹ ਕੇ ਰੱਖਦਾ ਹੈ।** ਆਮੀਨ। ਕੋਈ ਵੀ ਚੰਗਾ ਨਿਸ਼ਾਨੇ ਬਾਜ ਇਹ ਗੱਲ ਜਾਣਦਾ ਹੈ, ਕਿ ਇਹਦੀ ਨਿਗਾਹ ਬਹੁਤ ਦੂਰ ਤੱਕ ਜਾਂਦੀ ਹੈ। ਇਹ ਇੱਕ ਦੂਰਬੀਨ ਹੈ। ਇਹ ਇੱਕ ਦੂਰਬੀਨ ਹੈ ਜਿਸ ਨਾਲ ਤੁਸੀਂ ਇੱਥੇ ਆਲੇ ਦੁਆਲੇ ਨਹੀਂ ਵੇਖਦੇ। ਤੁਸੀਂ ਦੂਰਬੀਨ ਨੂੰ ਇਸ ਲਈ ਨਹੀਂ ਵਰਤਦੇ ਕਿ ਸਮਾਂ ਕੀ ਹੋਇਆ ਹੈ। ਸਮਝੇ? ਤੁਸੀਂ ਇਸ ਨੂੰ ਇਹਦੇ ਲਈ ਨਹੀਂ ਵਰਤਦੇ। ਪਰ ਤੁਸੀਂ ਦੂਰ ਦੀਆਂ ਚੀਜ਼ਾਂ ਵੇਖਣ ਲਈ ਦੂਰਬੀਨ ਨੂੰ ਵਰਤਦੇ ਹੋ। ਅਤੇ ਵਿਸ਼ਵਾਸ ਇਹ ਹੀ ਕਰਦਾ ਹੈ। **ਵਿਸ਼ਵਾਸ ਪ੍ਰਮੇਸ਼ੁਰ ਦੀ ਦੂਰਬੀਨ ਨੂੰ ਲੈਂਦਾ ਹੈ,** ਉਹ ਦੋਵੇਂ ਪਾਸੇ ਨਵਾਂ ਅਤੇ ਪੁਰਾਣਾ ਨੇਮ ਹਨ, ਅਤੇ ਤੁਸੀਂ ਹਰ ਉਸ ਵਾਅਦੇ ਨੂੰ ਜੋ ਪ੍ਰਮੇਸ਼ੁਰ ਨੇ ਕੀਤੇ ਸਨ ਵੇਖਦੇ ਹੋ। ਅਤੇ ਵਿਸ਼ਵਾਸ ਇਸ ਨੂੰ ਦੂਰ ਤੱਕ ਵੇਖਦਾ ਹੈ। ਅਤੇ ਵਿਸ਼ਵਾਸ ਜੋ ਵਰਤਮਾਨ ਆਖਦਾ ਹੈ ਉਹਦੀ ਪ੍ਰਵਾਹ ਨਾ ਕਰਦੇ ਹੋਏ, ਉਹ ਚੋਣ ਕਰਦਾ ਹੈ।

ਉਹ ਅੰਤ ਨੂੰ ਵੇਖਦਾ ਹੈ। ਉਹ ਇਸ ਪਾਸੇ ਵੇਖਣ ਦੇ ਲਈ ਆਪਣੀਆਂ ਅੱਖਾਂ ਨੀਵੀਆਂ ਨਹੀਂ ਕਰਦਾ। ਉਹ ਦੂਰ ਤੱਕ ਵੇਖਦਾ ਹੈ। ਉਹ ਆਪਣਾ ਲਾਲ ਨਿਸ਼ਾਨ ਵਚਨ ਤੇ ਰੱਖਦਾ ਹੈ। ਇਹ ਹੀ ਹੈ ਜੋ ਵਿਸ਼ਵਾਸ ਕਰਦਾ ਹੈ। ਇਹ ਵਿਸ਼ਵਾਸ ਹੈ ਜੋ ਇੱਕ ਇਨਸਾਨ ਦੇ ਅੰਦਰ ਹੈ ਜੋ ਇਹ ਕੰਮ ਕਰਦਾ ਹੈ।

ਵਿਸ਼ਵਾਸ ਉਹ ਵੇਖਦਾ ਹੈ ਜੋ ਪ੍ਰਮੇਸ਼ੁਰ ਵੇਖਦਾ ਹੈ, ਅਤੇ ਤਰਕ ਅਤੇ ਚੇਤਨਾਵਾਂ ਉਹ ਵੇਖਦੀਆਂ ਹਨ ਜੋ ਸੰਸਾਰ ਚਾਹੁੰਦਾ ਹੈ ਕਿ ਤੁਸੀਂ ਵੇਖੋ। ਧਿਆਨ ਦਿਓ, ਤਰਕ। " ਕਿਵੇਂ ਇਹ ਸਿਰਫ ਮਨੁੱਖੀ ਚੇਤਨਾ ਹੈ; ਇਹ ਹੀ ਇੱਕ ਕਾਰਨ ਹੈ ਕਿ ਇਹ ਇਸ ਤਰ੍ਹਾਂ ਹੈ। ਠੀਕ ਹੈ, ਕੀ ਇਹ ਬਸ ਚੰਗਾ ਨਹੀਂ ਹੈ।" ਇਹ ਬਿਲਕੁੱਲ ਉਸੇ ਤਰ੍ਹਾਂ ਹੈ ਜਿਵੇਂ ਕਿ ਜਦ ਤੁਸੀਂ ਉਹਨਾਂ ਚੇਤਨਾਵਾਂ ਨੂੰ ਵਰਤਦੇ ਹੋ ਜੋ ਵਚਨ ਦੇ ਵਿਰੁੱਧ ਹਨ, ਤਾਂ ਫਿਰ ਇਹ ਹੀ ਉਹ ਹੈ ਜੋ ਸੰਸਾਰ ਚਾਹੁੰਦਾ ਹੈ ਕਿ ਤੁਸੀਂ ਵੇਖੋ। **ਪਰ ਵਿਸ਼ਵਾਸ ਉਸ ਨੂੰ ਨਹੀਂ ਵੇਖਦਾ ਹੈ; ਵਿਸ਼ਵਾਸ ਉਹ ਵੇਖਦਾ ਹੈ ਜੋ ਪ੍ਰਮੇਸ਼ੁਰ ਨੇ ਕਿਹਾ ਹੈ।** [7]

ਸਾਨੂੰ ਬਹੁਤ ਵਾਰ ਪਤਾ ਲੱਗਦਾ ਹੈ ਕਿ ਲੋਕ ਆਪਣੇ ਲੱਛਣਾਂ ਤੇ ਨਿਰਭਰ ਕਰਦੇ ਹਨ, ਭਾਵੇਂ ਕਿ ਉਹਨਾਂ ਲਈ ਪ੍ਰਾਰਥਨਾ ਕੀਤੀ ਗਈ ਹੋਵੇ। **ਵਿਸ਼ਵਾਸ ਇਹ ਚੀਜ਼ ਨਹੀਂ ਵੇਖਦਾ। ਵਿਸ਼ਵਾਸ ਉਹ ਵੇਖਦਾ ਹੈ ਜੋ ਪ੍ਰਮੇਸ਼ੁਰ ਕਹਿੰਦਾ ਹੈ। ਵਿਸ਼ਵਾਸ ਬਿਲਕੁਲ ਵੀ ਕੋਈ ਲੱਛਣ ਨਹੀਂ ਵੇਖਦਾ ਹੈ। ਵਿਸ਼ਵਾਸ ਲੱਛਣ ਵੇਖਣ ਤੋਂ ਇਨਕਾਰ ਕਰ ਦਿੰਦਾ ਹੈ।** ਤੁਸੀਂ ਕਹਿੰਦੇ ਹੋ, "ਠੀਕ ਹੈ ਭਾਈ ਬ੍ਰਾਨਹਾਮ, ਜੇ ਉਹ (ਲੱਛਣ) ਉੱਥੇ ਹਨ, ਤਾਂ ਕੀ ਸਾਨੂੰ ਨਹੀਂ ਕਹਿਣਾ ਚਾਹੀਦਾ ਕਿ ਉਹ ਉੱਥੇ ਹਨ?" "ਨਹੀਂ। ਜੀ ਨਹੀਂ, ਸ਼੍ਰੀਮਾਨ।"

ਤੁਸੀਂ ਕਹਿੰਦੇ ਹੋ, "ਉਹ ਉਹੋ ਪ੍ਰਮੇਸ਼ੁਰ ਹੈ ਜਿਹੜਾ..." ਇਕਰਾਰ ਕਰਨਾ, "**ਉਹ ਸਾਡੇ ਇਕਰਾਰ ਦਾ ਮਹਾਂ ਜਾਜਕ ਹੈ,**" ਇਬਰਾਨੀਆਂ **3**, ਅਤੇ ਕੀ ਤੁਹਾਡੇ ਵਿੱਚੋਂ ਕਿਸੇ ਭਰਾ ਨੂੰ ਪਤਾ ਹੈ ਕਿ "ਇਕਬਾਲ" ਅਤੇ "ਇਕਰਾਰ ਇੱਕੋ

ਜਿਹੇ ਸ਼ਬਦ ਹਨ। ਇਸ ਲਈ ਉਹ ਸਾਡੇ ਇਕਰਾਰ ਦਾ ਮਹਾਂ ਜਾਜਕ ਹੈ (ਇਬਰਾਨੀਆਂ 3:1–2)। **ਉਹ ਓਨੀ ਦੇਰ ਤੱਕ ਕੁਝ ਨਹੀਂ ਕਰ ਸਕਦਾ ਜਦ ਤੱਕ ਪਹਿਲਾਂ ਅਸੀਂ ਇਕਰਾਰ ਨਹੀਂ ਕਰ ਲੈਂਦੇ ਕਿ ਉਸ ਨੇ ਇਹ ਕੀਤਾ ਹੈ** (ਇਬਰਾਨੀਆਂ 4:14–16)। [8]

ਜੇ ਤੁਸੀਂ ਮਸੀਹੀ ਹੋ ਅਤੇ ਤੁਸੀਂ ਕਹਿੰਦੇ ਹੋ, "ਦੇਖਣਾ ਹੀ ਵਿਸ਼ਵਾਸ ਕਰਨਾ ਹੈ"। ਤੁਸੀਂ ਕਦੇ ਵੀ ਮਸੀਹੀ ਨਹੀਂ ਹੋ ਸਕਦੇ ਜੇ ਤੁਸੀਂ ਉਹ ਵਿਸ਼ਵਾਸ ਕਰਦੇ ਹੋ। **ਕਿਉਂਕਿ ਨਿਹਚਾ ਆਸ ਕੀਤੀਆਂ ਹੋਈਆਂ ਗੱਲਾਂ ਦਾ ਪੱਕਾ ਭਰੋਸਾ ਹੈ, ਅਤੇ ਅਣਡਿੱਠ ਵਸਤਾਂ ਦੀ ਸਬੂਤੀ ਹੈ** (ਇਬਰਾਨੀਆਂ 11:1–2)। **ਤੁਸੀਂ ਮਸੀਹੀ ਨਹੀਂ ਹੋ ਸਕਦੇ ਅਤੇ ਤੁਹਾਨੂੰ ਵਸਤਾਂ ਵੇਖਣੀਆਂ ਪੈਂਦੀਆਂ ਹੋਣ। ਪ੍ਰਮੇਸ਼ੁਰ ਦੇ ਸਾਰੇ ਸ਼ਸਤਰ ਅਲੌਕਿਕ ਹਨ।** ਪ੍ਰੇਮ, ਅਨੰਦ, ਸ਼ਾਂਤੀ, ਵਫ਼ਾਦਾਰੀ, ਧੀਰਜ, ਭਲਾਈ, ਨਰਮਾਈ, ਦਿਆਲਗੀ ਅਤੇ ਪਵਿੱਤਰ ਆਤਮਾ, ਸਭ ਅਣਡਿੱਠ ਹਨ। **ਅਤੇ ਮਸੀਹੀ ਉਸ ਵੱਲ ਨਹੀਂ ਵੇਖਦਾ ਜੋ ਉਹ ਆਪਣੀ ਅੱਖ ਨਾਲ ਵੇਖਦਾ ਹੈ, ਉਹ ਉਸ ਵੱਲ ਵੇਖਦਾ ਹੈ ਜੋ ਉਹਨੂੰ ਆਪਣੇ ਵਿਸ਼ਵਾਸ ਨਾਲ ਵਿਖਾਈ ਦਿੰਦਾ ਹੈ। ਅਤੇ ਉਸ ਦਾ ਵਿਸ਼ਵਾਸ ਕੇਵਲ ਇੱਕ ਚੀਜ਼ ਤੇ ਅਧਾਰਿਤ ਹੋ ਸਕਦਾ ਹੈ। ਉਹ ਹੈ ਵਚਨ,** ਆਮੀਨ। [9]

ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕੀ ਵੇਖ ਰਹੇ ਹੋ। ਜਦੋਂ ਤੁਸੀਂ ਤੱਕਦੇ ਹੋ ਤਾਂ ਕੀ ਵੇਖਦੇ ਹੋ? ਯਾਦ ਰੱਖੋ, **ਜਦ ਤੁਸੀਂ ਉਸ ਨੂੰ ਵਚਨ ਰਾਹੀਂ ਵੇਖੋ ਕੇਵਲ ਤਾਂ ਹੀ ਤੁਸੀਂ ਉਸ ਨੂੰ ਵੇਖ ਸਕਦੇ ਹੋ।** [10]

ਇਸ ਲਈ, ਤੁਸੀਂ ਵੇਖਦੇ ਹੋ, **ਤੁਹਾਨੂੰ ਪ੍ਰਮੇਸ਼ੁਰ ਦੇ ਵਾਅਦੇ ਵੱਲ ਧਿਆਨ ਦੇਣਾ ਚਾਹੀਦਾ ਹੈ।** ਕੋਈ ਫਰਕ ਨਹੀਂ ਪੈਂਦਾ ਕਿ ਕੀ ਹੁੰਦਾ ਹੈ, **ਪ੍ਰਮੇਸ਼ੁਰ ਦੇ ਵਾਅਦੇ ਵੱਲ ਧਿਆਨ ਦਿਓ, ਇਹ ਨਹੀਂ ਕਿ ਤੁਹਾਨੂੰ ਕੀ ਮਹਿਸੂਸ ਹੁੰਦਾ ਹੈ, ਪਰ ਇਹ ਕਿ ਪ੍ਰਮੇਸ਼ੁਰ ਨੇ ਕੀ ਕਿਹਾ ਹੈ। ਹੁਣ ਇਹ ਅਬਰਾਹਾਮ ਦੀ ਨਿਹਚਾ ਹੈ।** [11]

ਅਬਰਾਹਾਮ ਦਾ ਅੰਸ ਕਿਸੇ ਵੀ ਸੁਭਾਵਿਕ ਗੱਲਾਂ ਨੂੰ ਨਹੀਂ ਵੇਖਦਾ, ਉਹ ਤਾਂ ਉਸੇ ਤੇ ਧਿਆਨ ਦਿੰਦੇ ਹਨ ਜੋ ਪ੍ਰਮੇਸ਼ੁਰ ਨੇ ਕਿਹਾ ਸੀ (ਗਲਾਤੀਆਂ 3:7–9)। ਇਹੀ ਤਾਂ ਵਾਅਦਾ ਹੈ। ਕੀ ਹੁੰਦਾ ਜੇ ਅਬਰਾਹਾਮ ਨੇ ਸੁਭਵਕ ਚੀਜ਼ਾਂ ਵੱਨ ਧਿਆਨ ਦਿੱਤਾ ਹੁੰਦਾ? ਉਸ ਇਸਤਰੀ ਵੱਲ ਜੋ ਸੌ ਸਾਲ ਦੀ ਸੀ... ਉਹ ਨੱਬੇ ਸਾਲ ਦੀ ਸੀ ਤੇ ਉਹ ਖੁਦ ਸੌ ਸਾਲ ਦਾ ਸੀ, ਅਤੇ ਉਹ ਉਸ ਨਾਲ ਉਦੋਂ ਤੋਂ ਰਹਿ ਰਿਹਾ ਸੀ ਜਦੋਂ ਉਹ ਇੱਕ ਛੋਟੀ ਕੁੜੀ ਸੀ ਅਤੇ ਉਹ ਖੁਦ ਇੱਕ ਛੋਟਾ ਮੁੰਡਾ ਸੀ, ਅਤੇ ਕੋਈ ਸੰਤਾਨ ਨਹੀਂ ਸੀ? ਉਸਨੇ ਉਹਨਾਂ ਚੀਜ਼ਾਂ ਵੱਲ ਨਹੀਂ ਵੇਖਿਆ ਸੀ। **ਅਬਰਾਹਾਮ ਨੇ ਕਿਹਾ ਕਿ ਉਸ ਨੇ ਉਹਨਾਂ ਗੱਲਾਂ ਨੂੰ ਇਸ ਤਰ੍ਹਾਂ ਮੰਨਿਆ ਸੀ ਕਿ ਜਾਣੋ ਉਹ ਹੈ ਹੀ ਨਹੀਂ, ਕਿਉਂਕਿ ਉਸ ਨੇ ਤਾਂ ਸਿਰਫ ਉਸੇ ਵੱਲ ਧਿਆਨ ਦਿੱਤਾ ਜੋ ਪ੍ਰਮੇਸ਼ੁਰ ਨੇ ਕਿਹਾ ਸੀ।** "ਅਬਰਾਹਾਮ ਮੈਂ ਤੈਨੂੰ ਅਸੀਸ ਦਿਆਂਗਾ, ਅਤੇ ਮੈਂ ਸਾਰਾਹ ਦੁਆਰਾ ਤੈਨੂੰ ਅੰਸ ਦਿਆਂਗਾ" (ਉਤਪਤ 17:15–22)। ਅਤੇ ਅਬਰਾਹਾਮ ਨੇ ਇਸ ਦਾ ਵਿਸ਼ਵਾਸ ਕੀਤਾ ਸੀ। ਤੁਸੀਂ ਵਿਰੋਧ ਨੂੰ ਨਾ ਵੇਖੋ, **ਅਸੀਂ ਤਾਂ ਉਹ ਵੇਖਦੇ ਹਾਂ ਜੋ ਪ੍ਰਮੇਸ਼ੁਰ ਨੇ ਕਿਹਾ ਸੀ। ਪ੍ਰਮੇਸ਼ੁਰ ਨੇ ਇਹ ਕਿਹਾ ਸੀ, ਇਹ ਹੀ ਇਸ ਨੂੰ ਨਿਪਟਾਉਂਦਾ ਹੈ।** [12]

ਮਸੀਹੀ ਉਹ ਵੇਖਦਾ ਹੈ ਜੋ ਉਸਨੂੰ ਸੁਭਾਵਿਕ ਜਾਂ ਕੁਦਰਤੀ ਵਿਖਾਈ ਨਹੀਂ ਦਿੰਦਾ। ਹੁਣ ਵੇਖੋ। **ਇਹ ਹੀ ਇੱਕ ਤਰੀਕਾ ਹੈ ਕਿ ਤੁਸੀਂ ਮਸੀਹੀ ਹੋ ਸਕਦੇ ਹੋ। ਤੁਸੀਂ ਉਸ ਪ੍ਰਮੇਸ਼ੁਰ ਤੇ ਵਿਸ਼ਵਾਸ ਕਰਨਾ ਹੈ ਜਿਸ ਨੂੰ ਤੁਸੀਂ ਵੇਖ ਨਹੀਂ ਸਕਦੇ** (ਯੂਹੰਨਾ 4:24; ਇਬਰਾਨੀਆਂ 11:6)। **ਪਰ ਉਹ ਵਸਤਾਂ ਜੋ ਅਣਡਿੱਠ ਹਨ,** ਉਹ ਹੀ ਇੱਕ ਹਨ ਜਿਨ੍ਹਾਂ ਵਿੱਚ **ਅਸਲੀਅਤ ਹੈ: ਅਣਡਿੱਠ ਵਸਤਾਂ।** [13]

ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕੀ ਵੇਖ ਰਹੇ ਹੋ, ਬਾਈਬਲ ਨੂੰ। ਮਸੀਹੀ ਅਣਡਿੱਠ ਨੂੰ ਵੇਖਦੇ ਹਨ, ਉਹ ਨਹੀਂ ਜੋ ਤੁਸੀਂ ਇੱਥੇ ਵੇਖਦੇ ਹੋ, ਪਰ ਉਹ ਜੋ ਪ੍ਰਮੇਸ਼ੁਰ ਨੇ ਕਿਹਾ ਹੈ। ਇਹ ਇੱਕ ਵਾਅਦਾ ਹੈ। ਕੋਈ ਪ੍ਰਵਾਹ ਨਾ ਕਰੋ ਕਿ ਵਿਗਿਆਨ ਕੀ ਕਹਿੰਦਾ ਹੈ ਜਾਂ ਕੁਝ ਵੀ, ਇਹ ਬਸ ਉਹ ਹੈ ਜੋ ਪ੍ਰਮੇਸ਼ੁਰ ਨੇ ਕਿਹਾ ਹੈ।

ਤੁਸੀਂ ਜਾਣਦੇ ਹੋ, ਲੋਕ ਲੱਛਣਾਂ ਬਾਰੇ ਗੱਲਾਂ ਕਰਦੇ ਹਨ। ਮੈਂ ਸੋਚਦਾ ਹਾਂ ਕਿ ਯੂਨਾਹ ਦੇ ਸਭ ਤੋਂ ਮਾੜੇ ਲੱਛਣ/ਹਾਲਾਤ ਸਨ ਜੋ ਕਿ ਮੈਂ ਕਦੇ ਜਾਣਦਾ ਹਾਂ (ਯੂਨਾਹ 2:1–8)। ਯਾਦ ਰੱਖੋ, ਉਹ ਮੱਛੀ ਦੇ ਢਿੱਡ ਵਿੱਚ ਸੀ। ਪਰ ਤੁਹਾਨੂੰ ਪਤਾ ਹੈ ਕਿ ਉਸ ਨਬੀ ਨੇ ਕੀ ਕਿਹਾ ਸੀ? ਉਸ ਨੇ ਮੱਛੀ ਦਾ ਢਿੱਡ ਵੇਖਣ ਤੋਂ ਇਨਕਾਰ ਕਰ ਦਿੱਤਾ ਸੀ। ਉਸ ਨੇ ਕਿਹਾ, "ਉਹ ਫੋਕੇ ਵਿਅਰਥ ਹਨ। ਮੈਂ ਉਹਨਾਂ ਵੱਲ ਨਹੀਂ ਵੇਖਾਂਗਾ।" ਉਸ ਨੇ ਕਿਹਾ, "ਪਰ ਇੱਕ ਵਾਰ ਫਿਰ ਮੈਂ ਤੇਰੀ ਪਵਿੱਤਰ ਹੈਕਲ ਵੱਲ ਤੱਕਾਂਗਾ।" ਕਿਉਂਕਿ ਜਦ ਸੁਲੇਮਾਨ ਨੇ ਭਵਨ ਨੂੰ ਸਮਰਪਿਤ ਕੀਤਾ, ਉਸ ਨੇ ਪ੍ਰਾਰਥਨਾ ਕੀਤੀ, ਇੱਕ ਮਨੁੱਖ ਨੇ, ਧਰਤੀ ਦੇ ਮਨੁੱਖ ਨੇ ਜੋ ਬਾਅਦ ਵਿੱਚ ਪਿੱਛੇ ਹਟ ਗਿਆ। ਜਦ ਉਸਨੇ ਪ੍ਰਮੇਸ਼ੁਰ ਦਾ ਭਵਨ ਸਮਰਪਿਤ ਕੀਤਾ, ਉਸ ਨੇ ਪ੍ਰਾਰਥਨਾ ਕੀਤੀ, ਉਸ ਨੇ ਕਿਹਾ,"**ਯਹੋਵਾਹ, ਜੇ ਤੇਰੀ ਪਰਜਾ ਕਿਤੇ ਵੀ ਮੁਸੀਬਤ ਵਿੱਚ ਹੋਵੇ ਅਤੇ ਇਸ ਪਵਿੱਤਰ ਭਵਨ ਵੱਲ ਵੇਖੇ ਅਤੇ ਪ੍ਰਾਰਥਨਾ ਕਰੇ, ਤਾਂ ਤੂੰ ਸੁਰਗੋਂ ਸੁਣ ਲਈਂ।**" (1ਰਾਜਿਆਂ 9:1–3; 8:28–30; 35–36)। ਉਸ (ਯੂਨਾਹ) ਨੂੰ ਸੁਲੇਮਾਨ ਦੀ ਪ੍ਰਾਰਥਨਾ ਵਿੱਚ ਏਨਾਂ ਜਿਆਦਾ ਭਰੋਸਾ ਸੀ, ਇੱਕ ਮਨੁੱਖ ਤੇ, ਧਰਤੀ ਦੇ ਇੱਕ ਭਵਨ ਦੁਆਰਾ। [14]

ਅਤੇ ਯਰਦਨ ਤੇ ਕੰਢੇ ਤੇ, ਜਦ ਪ੍ਰਮੇਸ਼ੁਰ ਰੋਸ਼ਨੀ ਜਾਂ ਇੱਕ ਕਬੂਤਰ ਦੇ ਰੂਪ ਵਿੱਚ ਹੇਠਾਂ ਆਇਆ, **ਕਿਸੇ ਨੇ ਉਹ ਨਹੀਂ ਵੇਖਿਆ ਪਰ ਯੂਹੰਨਾ ਨੇ ਵੇਖਿਆ।** ਉਹਨਾਂ ਸਭ ਲੋਕਾਂ ਨੇ ਜੋ ਆਲੇ ਦੁਆਲੇ ਖੜ੍ਹੇ ਸਨ ਇਹ ਨਹੀਂ ਵੇਖਿਆ ਸੀ। ਕਿਸੇ ਨੇ ਇਹ ਨਹੀਂ ਵੇਖਿਆ ਸੀ ਪਰ ਯੂਹੰਨਾ ਨੇ ਇਹ ਵੇਖਿਆ ਸੀ। **ਕੇਵਲ ਉਹ ਹੀ ਇੱਕ ਸੀ ਜੋ ਇਸ ਨੂੰ ਉਡੀਕ ਰਿਹਾ ਸੀ,** ਇਸ ਲਈ ਪ੍ਰਮੇਸ਼ੁਰ ਨੇ ਉਸ ਨੂੰ ਕਿਹਾ ਸੀ ਕਿ ਉਹ ਇਸ ਨੂੰ ਵੇਖੇਗਾ (ਯੂਹੰਨਾ 1:29–34; ਮੱਤੀ 3:13–17)

ਤੁਸੀਂ ਸਿਰਫ ਉਹੀ ਵੇਖਦੇ ਹੋ ਜਿਸ ਦੀ ਤੁਸੀਂ ਭਾਲ ਕਰ ਰਹੇ ਹੁੰਦੇ ਹੋ। ਜੇ ਅੱਜ ਰਾਤ ਤੁਸੀਂ ਮਸੀਹ ਦੀ ਭਾਲ ਵਿੱਚ ਇੱਥੇ ਆਏ ਹੋ ਤਾਂ ਤੁਸੀਂ ਉਸ ਨੂੰ ਵੇਖੋਗੇ। ਜੇ ਤੁਸੀਂ ਅਲੋਚਨਾ ਕਰਨ ਲਈ ਇੱਥੇ ਆਉਂਦੇ ਹੋ ਤਾਂ ਤੁਹਾਡੇ ਹੱਥ ਵਿੱਚ ਅਲੋਚਨਾ ਕਰਨ ਦਾ ਮੌਕਾ ਹੋਵੇਗਾ। ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਚੀਜ਼ ਦੀ ਭਾਲ ਵਿੱਚ ਹੋ। [15]

ਕੀ ਉਹ ਅਦਭੁੱਤ ਨਹੀਂ ਹੈ? ਹੁਣ ਸੋਚੋ, ਸਾਡਾ ਇਹੀ ਮਤਲਬ ਹੈ; ਸਭ ਕੁਝ ਸਮਰਪਿਤ ਹੈ। "ਮੈਂ ਹੁਣ ਹੋਰ ਆਪਣੀ ਖੁਦ ਦੀ ਸੋਚ ਅਨੁਸਾਰ ਨਹੀਂ ਹਾਂ। **ਪ੍ਰਭੂ, ਮੈਂ ਉਸ ਤਰ੍ਹਾਂ ਨਹੀਂ ਸੋਚਾਂਗਾ ਜਿਸ ਤਰ੍ਹਾਂ ਮੈਂ ਸੋਚਦਾ ਸੀ। ਮੈਂ ਬਸ ਉਸ ਤਰ੍ਹਾਂ ਸੋਚਣ ਜਾ ਰਿਹਾ ਹਾਂ ਜਿਸ ਤਰ੍ਹਾਂ ਤੂੰ ਸੋਚਦਾ ਹੈ। ਅਤੇ ਤੂੰ ਇਹ ਵਾਅਦਾ ਕੀਤਾ ਕਿ ਮੈਂ ਨਰੋਇਆ ਕੀਤਾ ਗਿਆ (ਯਸਾਯਾਹ 53:4–5); ਇਹ ਮੈਂ ਸੋਚਦਾ ਹਾਂ।** ਮੈਂ ਆਪਣੀ ਸੋਚ ਨੂੰ ਸਮਰਪਿਤ ਕਰਦਾ ਹਾਂ। **ਮੈਂ ਆਪਣੀ ਬੀਮਾਰੀ ਬਾਰੇ ਹੋਰ ਨਹੀਂ ਸੋਚਾਂਗਾ। ਮੈਂ ਉਹਨਾਂ ਰੋਗਾਂ ਬਾਰੇ ਨਹੀਂ ਸੋਚਾਂਗਾ ਜੋ ਕਿ ਮੈਨੂੰ ਸਨ। ਮੈਂ ਕਿਸੇ ਚੀਜ਼ ਬਾਰੇ ਨਹੀਂ ਸੋਚਾਂਗਾ, ਪਰ ਉਹੀ ਸੋਚਾਂਗਾ ਜੋ ਤੂੰ ਕਿਹਾ ਹੈ।"**

ਹੁਣ ਠੀਕ ਤੁਹਾਡੇ ਸਾਹਮਣੇ ਇੱਕ ਤੁਹਾਡੇ ਵਰਗਾ ਵਿਅਕਤੀ ਖੜ੍ਹਾ ਹੈ ਜਿਸ ਤਰ੍ਹਾਂ ਦੇ ਤੁਸੀਂ ਕੁਝ ਮਿੰਟ ਪਹਿਲਾਂ ਸੀ; ਤੁਸੀਂ ਇੱਥੇ ਹੇਠਾਂ ਬੀਮਾਰ ਸੀ, **ਪਰ ਉੱਥੇ ਇੱਕ ਠੀਕ ਵਿਅਕਤੀ ਖੜ੍ਹਾ ਹੈ। ਯਿਸੂ ਮਸੀਹ ਠੀਕ ਇਹਦੇ ਪਿੱਛੇ ਉਸ ਠੀਕ (ਤੰਦਰੁਸਤ) ਵਿਅਕਤੀ ਨੂੰ ਬੁਲਾ ਰਿਹਾ ਹੈ। ਹੁਣ, ਤੁਸੀਂ ਬਸ ਵਿਸ਼ਵਾਸ ਦੇ ਨਾਲ, ਜਦ ਤੁਸੀਂ**

ਆਪਣੀਆਂ ਅੱਖਾਂ ਬੰਦ ਕਰਦੇ ਹੋ, ਠੀਕ ਉਸ ਤੰਦਰੁਸਤ ਸਰੀਰ ਵਿੱਚ ਚਲੇ ਜਾਓ, ਫਿਰ ਬਸ ਚੱਲਦੇ ਜਾਓ, ਬਸ ਵੱਧਦੇ ਜਾਓ। [16]

ਤੁਸੀਂ ਵੇਖੋ, ਇਹ ਤੁਹਾਡਾ ਵਿਸ਼ਵਾਸ ਹੈ ਜੋ ਤੁਹਾਨੂੰ ਚੰਗਾ ਕਰਦਾ ਹੈ, ਇਹ ਕਦੇ ਵੀ ਤੁਹਾਡੀਆਂ ਭਾਵਨਾਵਾਂ ਨਹੀਂ ਹਨ। ਇਹ ਚਾਹੇ ਜੋ ਕੁਝ ਵੀ ਹੋਵੇ ਇਹ ਇਸ ਤਰ੍ਹਾਂ ਨਹੀਂ ਕਰਦਾ ਹੈ; ਜਾਂ ਫਿਰ ਜੇ ਮੇਰਾ ਹੱਥ ਸਿੱਧਾ ਨਹੀਂ ਹੈ... ਇਸ ਦਾ ਇਹਦੇ ਨਾਲ ਕੋਈ ਸਬੰਧ ਨਹੀਂ ਹੈ। ਇਹ ਤਾਂ ਮੇਰਾ ਵਿਸ਼ਵਾਸ ਹੈ ਜੋ ਇਹ ਕਰਦਾ ਹੈ। ਠੀਕ ਸਾਡੇ ਸਾਹਮਣੇ ਅਸੀਂ ਵਿਸ਼ਵਾਸ ਦੁਆਰਾ ਪੂਰੀ ਤਰ੍ਹਾਂ ਠੀਕ ਹੋਏ ਵਿਅਕਤੀ ਦੀ ਤਸਵੀਰ ਵੇਖਦੇ ਹਾਂ। ਅਤੇ ਅਸੀਂ ਫਿਰ ਕਦਮ ਬ ਕਦਮ ਅੱਗੇ ਵੱਧਦੇ ਹਾਂ ਜਦ ਤੱਕ ਕਿ ਤੁਸੀਂ ਠੀਕ ਉਸ ਵਿਅਕਤੀ ਦੇ ਵਿੱਚ ਨਹੀਂ ਚਲੇ ਜਾਂਦੇ, ਅਤੇ ਬਸ ਠੀਕ ਉਹਦੇ ਨਾਲ ਚੱਲਦੇ ਜਾਂਦੇ ਹਾਂ। ਤੁਸੀਂ ਇਸੇ ਸਥਿਤੀ ਵਿੱਚ ਹੋ। ਇਹ ਹੀ ਹੈ ਜੋ ਇਸ ਨੂੰ ਕਰਦਾ ਹੈ। ਤੁਹਾਡਾ ਵਿਸ਼ਵਾਸ, ਤੁਹਾਡੀਆਂ ਭਾਵਨਾਵਾਂ ਨਹੀਂ, ਤੁਹਾਡਾ ਵਿਸ਼ਵਾਸ ਇਸ ਨੂੰ ਕਰਦਾ ਹੈ। ਪਰ ਧੰਨਵਾਦ ਅਤੇ ਮਹਿਮਾ ਪ੍ਰਮੇਸ਼ੁਰ ਦੀ ਹੀ ਹੋਵੇ। [17]

ਹਵਾਲੇ

[1] ਇਸ ਪੱਥਰ ਨੂੰ ਬੋਲ (60-0723) ਪੈਰ੍ਹਾ 20

[2] ਕੰਮਾਂ ਬਿਨਾ ਨਿਹਚਾ ਮੁਰਦਾ ਹੈ (50-0822) ਪੈਰ੍ਹਾ 24

[3] ਅਣਡਿੱਠ ਵੱਲ ਵੇਖਣਾ (58-1003) ਪੈਰ੍ਹਾ 18-19

[4] ਮੈਂ ਜਾਣਦਾ ਹਾਂ ਮੇਰਾ ਛੁਡਾਉਣ ਵਾਲਾ ਜੀਉਂਦਾ ਹੈ (58-0406) ਪੈਰ੍ਹਾ 47-49

[5] ਅਣਡਿੱਠ ਵੱਲ ਵੇਖਣਾ (59-0410) ਪੈਰ੍ਹਾ 17

[6] ਦ੍ਰਿੜ ਇਰਾਦੇ ਨਾਲ ਲੱਗੇ ਰਹਿਣਾ (63-0113E) ਪੈਰ੍ਹਾ 42

[7] ਦੁਹਾਈ ਕਿਉਂ ਦਿੰਦਾ ਹੈ? ਬੋਲ (63-0714M) ਸਫਾ 30-31

[8] ਫੈਸਲੇ ਦੇ ਨਤੀਜੇ (55-1008) ਪੈਰ੍ਹਾ 24-25

[9] ਵੇਖੋ (63-0428) ਪੈਰ੍ਹਾ 46

[10] ਯਿਸੂ ਵੱਲ ਵੇਖਣਾ (63-1229E) ਸਫਾ 27

[11] ਪ੍ਰਮੇਸ਼ੁਰ ਦਾ ਅਬਰਾਹਾਮ ਨਾਲ ਨੇਮ 56-0428) ਪੈਰ੍ਹਾ 27

[12] ਵੈਰੀ ਦੇ ਫਾਟਕਾਂ ਦੇ ਅਧਿਕਾਰੀ ਹੋਣਾ (59-1108) ਪੈਰ੍ਹਾ 42

[13] ਸ਼੍ਰੀਮਾਨ, ਅਸੀਂ ਯਿਸੂ ਨੂੰ ਵੇਖਣਾ ਹੈ (62-0724) ਪੈਰ੍ਹਾ 45

[14] ਸੁਲੇਮਾਨ ਤੋਂ ਵੱਡਾ ਇੱਥੇ ਹੈ (61-0412) ਪੈਰ੍ਹਾ 72-73

[15] ਯਿਸੂ ਮਸੀਹ ਕੱਲ ਅਤੇ ਅੱਜ ਅਤੇ ਯੁੱਗੋ ਯੁੱਗ ਇੱਕੋ ਜਿਹਾ ਹੈ (63-0627) ਪੈਰ੍ਹਾ 80

[16] ਜਾਓ ਯਿਸੂ ਨੂੰ ਉਠਾਓ (63-1130M) ਪੈਰ੍ਹਾ 274

[17] ਇਸ ਯਿਸੂ ਦਾ ਜੋ ਮਸੀਹ ਕਹਾਉਂਦਾ ਹੈ ਮੈਂ ਕੀ ਕਰਾਂ? (63-1124M)